Punjab Government Gazette

Published by Authority

No. 19] CHANDIGARH, FRIDAY, MAY 8, 2026 (VAISAKHA 18, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਰੱਖਿਆ ਸੇਵਾਵਾਂ ਭਲਾਈ ਵਿਭਾਗ

(ਰੱਖਿਆ ਸੇਵਾਵਾਂ ਭਲਾਈ ਸ਼ਾਖਾ)

ਦਫਤਰੀ ਹੁਕਮ

No. DSWD-1/29/2022-1DW/I/476992/2022.-ਬ੍ਰਿਗੇ(ਰਿਟਾ) ਸਤਿੰਦਰ ਸਿੰਘ ਨੂੰ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਪਿੱਠ ਅੰਕਣ ਨੰ:1/31/2010-1ਰਭ/1336980/1 ਮਿਤੀ 18.10.2018 ਰਾਹੀਂ ਬਤੌਰ ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਬਾਅਦ ਸਰਕਾਰ ਵੱਲੋਂ ਪੱਤਰ ਨੰ: 1/3/2019-1ਰਭ/1/11570/2020 ਮਿਤੀ 9.12.2020 ਰਾਹੀਂ ਉਨ੍ਹਾਂ ਦੇ ਸੇਵਾ ਕਾਲ ਵਿੱਚ ਮਿਤੀ 20.12.2020 ਤੋਂ 19.12.2022 ਤੱਕ ਦਾ ਵਾਧਾ ਕੀਤਾ ਗਿਆ ਸੀ। ਅਧਿਕਾਰੀ ਵੱਲੋਂ ਵਿਭਾਗੀ ਰੂਲਾਂ ਅਨੁਸਾਰ ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਦੀ ਅਸਾਮੀ ਤੇ 4 ਸਾਲ ਦੀ ਸੇਵਾ ਪੂਰੀ ਹੋਣ ਉਪਰੰਤ ਉਨ੍ਹਾਂ ਦੀ ਸੇਵਾ ਨਿਵਿਰਤੀ ਮਿਤੀ 19.12.2022 ਨੂੰ ਬਣਾਈ ਸੀ, ਪ੍ਰੰਤੂ ਪ੍ਰਬੰਧਕੀ ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਅਧਿਕਾਰੀ ਨੂੰ 3 ਮਹੀਨੇ ਜਾਂ ਨਵੇਂ ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਦੀ ਨਿਯੁਕਤੀ, ਜੋ ਵੀ ਪਹਿਲਾਂ ਹੋਵੇ, ਤੱਕ ਵਾਧਾ ਦਿੱਤਾ ਜਾਂਦਾ ਹੈ।

2. ਇਹ ਹੁਕਮ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਚੰਡੀਗੜ੍ਹ
ਮਿਤੀ 19 ਦਸੰਬਰ, 2022

ਜੇ.ਐਮ.ਬਾਲਾਮੁਰੁਗਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

3709/5-2026/Pb. Govt. Press, S.A.S. Nagar